(i) Printed Pages : 3 Roll No. ..............................

(ii) Questions : 7

Sub. Code : | 0 | 8 | 0 | 9 |

Exam. Code : | 0 | 0 | 1 | 2 |

Bachelor of Commerce 2nd Semester

(2053)

PUNJABI

Paper–BCM-201A

Time Allowed : Three Hours] [Maximum Marks : 45

ਨੋਟ :– (1) ਸਾਰੇ ਪ੍ਰਸ਼ਨ ਲਾਜਮੀ ਹਨ।

(2) ਹਰ ਇੱਕ ਪ੍ਰਸ਼ਨ ਦੇ ਸਾਰੇ ਭਾਗ ਇੱਕੋ ਜਗ੍ਹਾ ਹੱਲ ਕੀਤੇ ਜਾਣ।

1. 'ਸੁੱਕੀ ਡਾਲ ਤੇ ਪੀਲੇ ਪੱਤਰ' ਕਾਂਡ ਦੇ ਅਧਾਰ ਤੇ ਲੇਖਕ ਦੀ ਨੌਕਰੀ ਮਿਲਣ ਤੋਂ ਪਹਿਲਾਂ ਦੀ ਆਰਥਿਕ ਸਥਿਤੀ ਬਾਰੇ ਚਾਨਣਾ ਪਾਉ।

ਜਾਂ

'ਧੁੱਪਾਂ ਪ੍ਰਗਟ ਹੋਈਆਂ' ਕਾਂਡ ਦੇ ਅਧਾਰ ਤੇ ਬਿਆਨ ਕਰੋ ਕਿ ਪੀ.ਐਚ.ਡੀ. ਕਰਦੇ ਸਮੇਂ, ਉਸਦੇ ਖੋਜ ਨਿਗਰਾਨ ਦਾ ਉਸ ਨਾਲ ਕਿਹੋ ਜਿਹਾ ਵਿਵਹਾਰ ਰਿਹਾ ? 6

2. 'ਅੱਖਾਂ ਵਿੱਚ ਸੁਪਨੇ ਲਟਕੰਦੇ' ਕਾਂਡ ਵਿੱਚ ਲੇਖਕ ਨੇ ਆਪਣੇ **ਫਤਹਿ-ਪ੍ਰੀਤਮ** ਦੇ ਸੰਪਾਦਨ ਸਮੇਂ ਜੋ ਅਨੁਭਵ ਸਾਂਝੇ ਕੀਤੇ ਹਨ, ਬਾਰੇ ਚਰਚਾ ਕਰੋ।

ਜਾਂ

'ਗਲੀਏ ਚਿਕੜੁ ਦੂਰਿ ਘਰੁ' ਸ੍ਵੈ-ਜੀਵਨੀ ਦੇ ਕਲਾਤਮਿਕ ਪੱਖ ਬਾਰੇ ਚਰਚਾ ਕਰੋ। 6

3. 'ਗਲੀਏ ਚਿਕੜੁ ਦੂਰਿ ਘਰੁ' ਪੁਸਤਕ ਦੇ ਅਧਾਰ ਤੇ ਕਿਸੇ **ਚਾਰ** ਪ੍ਰਸ਼ਨਾਂ ਦੇ ਲਘੂ ਉੱਤਰ ਦਿਉ :

(ੳ) ਮੇਜਰ ਸਾਹਿਬ ਨੇ ਲੇਖਕ ਨੂੰ ਕਿਉਂ ਇੱਜ਼ਤ-ਆਬਰੋ ਨਾਲ ਵਿਦਾ ਕਰਨਾ ਚਾਹਿਆ ?

(ਅ) ਲੇਖਕ ਦੀ ਬੱਚੀ ਦੀ ਬੀਮਾਰੀ ਕਾਰਨ ਹਾਲਤ ਕਿੰਨੀ ਕੁ ਮਾੜੀ ਸੀ ?

(ੲ) **'ਫਤਹਿ ਅਤੇ ਪ੍ਰੀਤਮ'** ਉੱਤੇ ਸੰਪਾਦਕ ਦੇ ਰੂਪ ਵਿੱਚ ਕਿਸ-ਕਿਸ ਦਾ ਨਾਂ ਛਪਦਾ ਸੀ ?

(ਸ) ਲੇਖਕ ਨੇ ਆਪਣੀ ਪਤਨੀ ਨੂੰ ਇਹ ਕਿਉਂ ਕਿਹਾ, 'ਸਰਘੀ' ਵਾਲਾ ਸੁਪਨਾ ਸੱਚ ਨਿਕਲਿਐ ?

(ਹ) ਲੋਕਧਾਰਾ ਨੂੰ ਇਕੱਤਰ ਕਰਨ ਲਈ ਲੇਖਕ ਨੂੰ ਬਹੁਤੀ ਸਮੱਗਰੀ ਕਿਥੋਂ ਪ੍ਰਾਪਤ ਹੋਈ ?

(ਕ) ਲੇਖਕ ਅਨੁਸਾਰ ਮਨੁੱਖ ਦੇ ਜੀਵਨ ਵਿੱਚ ਬਹਾਰ ਕਦੋਂ ਆਉਂਦੀ ਹੈ ?

$4 \times 2 = 8$

4. ਕਿਸੇ ਫਰਮ ਨੂੰ, ਉਸ ਦੁਆਰਾ ਫਰਮ ਦੇ ਬਿਲ ਸੰਬੰਧੀ ਜਾਰੀ ਕੀਤੇ 2000 ਰੁ. ਦੇ ਚੈੱਕ ਦੀ ਰਸੀਦ ਜਾਰੀ ਕਰੋ।

**ਜਾਂ**

ਤੁਹਾਡੀ ਕੰਪਨੀ ਵਪਾਰਕ ਅਦਾਰਿਆਂ ਲਈ ਇੰਸ਼ਿਉਰੈਂਸ ਦਾ ਕੰਮ ਕਰਦੀ ਹੈ। ਇਸ ਸੰਬੰਧੀ ਰੁਆਇਲ ਟਿੰਬਰ ਮਰਚੈਂਟਸ ਦੇ ਗੁਦਾਮ ਵਿੱਚ ਅੱਗ ਲੱਗਣ ਤੇ ਉਨ੍ਹਾਂ ਵਲੋਂ ਹਰਜਾਨਾ-ਪੂਰਤੀ ਦੀ ਮੰਗ ਦਾ ਜਵਾਬ ਦਿਉ। 10

5. ਵਿਸ਼ਰਾਮ ਚਿੰਨ੍ਹ ਲਗਾਉ :

ਆਸ਼ੂ ਆਪਣੇ ਖੇਤ ਵਿੱਚ ਅੰਬ ਦੀ ਸੰਘਣੀ ਛਾਂ ਹੇਠ ਬੈਠ ਰੋਟੀ ਖਾਂਦਿਆਂ ਆਪਣੀ ਪਤਨੀ ਜੀਤੋ ਨੂੰ ਕਹਿਣ ਲੱਗਿਆ ਭਾਗਵਾਨੇ ਪੱਖੇ ਕੂਲਰ ਠੰਢੀ ਹਵਾ ਤਾਂ ਦੇ ਦਿੰਦੇ ਨੇ ਪਰ ਟਾਹਣੀਆਂ ਤੇ ਕਲੋਲਾਂ ਕਰਦੇ ਪੰਛੀ ਕਲ ਕਲ ਕਰਦਾ ਪਾਣੀ ਤੇ ਤਾਜ਼ੀ ਹਵਾ ਦਾ ਕੋਈ ਮੁਕਾਬਲਾ ਨਹੀਂ 5

6. ਤੁਹਾਡੀ ਕੰਪਨੀ ਵੱਖ-ਵੱਖ ਅਸਾਮੀਆ ਲਈ ਭਰਤੀ ਦਾ ਕੰਮ ਕਰਦੀ ਹੈ। ਇਸ ਸੰਬੰਧੀ ਅਖਬਾਰ ਵਿੱਚ ਦੇਣ ਲਈ ਇੱਕ ਇਸ਼ਤਿਹਾਰ ਲਿਖੋ। 5

7. ਹੇਠ ਲਿਖੇ ਕਿਸੇ **ਪੰਜ** ਸ਼ਬਦਾਂ ਦੇ ਪੰਜਾਬੀ ਰੂਪ ਲਿਖੋ :

(A) Jobber

(B) Overdue

(C) Mortgage

(D) Subsidiary Company

(E) Wharf age

(F) Intangible Assets

(G) Office Expenses Account

(H) Tariff. 5